BRAMPTON

**Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਦੇ ਪ੍ਰਸਤਾਵਿਤ 2021 ਦੇ ਬਜਟ ਦਾ ਉਦੇਸ਼ ਭਾਈਚਾਰੇ ਦੀ ਮਦਦ ਕਰਨਾ ਅਤੇ ਇਸਨੂੰ ਮਜ਼ਬੂਤ ਬਣਾਉਣਾ ਹੈ

ਬ੍ਰੈਂਪਟਨ, ਓਨਟੈਰੀਓ (6 ਨਵੰਬਰ, 2020) – ਸਿਟੀ ਆਫ ਬ੍ਰੈਂਪਟਨ ਦਾ ਪ੍ਰਸਤਾਵਿਤ 2021 ਦਾ ਬਜਟ (Proposed 2021 Budget) ਹੁਣ ਔਨਲਾਈਨ www.brampton.ca/budget ਤੇ ਉਪਲਬਧ ਹੈ। ਪ੍ਰਸਤਾਵਿਤ 2021 ਦੇ ਬਜਟ ਦਾ ਉਦੇਸ਼, ਕੋਵਿਡ-19 (COVID-19) ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਦੇ ਭਾਈਚਾਰੇ ਦੀ ਮਦਦ ਕਰਨਾ ਅਤੇ ਭਵਿੱਖੀ ਵਾਧੇ, ਕਨੈਕਟੀਵਿਟੀ ਅਤੇ ਸਥਿਰਤਾ ਵਾਸਤੇ ਸਾਡੀ ਸਿਟੀ ਨੂੰ ਮਜ਼ਬੂਤ ਬਣਾਉਣਾ ਜਾਰੀ ਰੱਖਣਾ ਹੈ।

ਬਜਟ ਸਬੰਧੀ ਚਰਚਾਵਾਂ, 23 ਨਵੰਬਰ ਵਾਲੇ ਹਫ਼ਤੇ ਵਿੱਚ ਸ਼ੁਰੂ ਹੋਣਗੀਆਂ। ਅੰਤਿਮ ਬਜਟ ਪ੍ਰਵਾਨਗੀ 9 ਦਸੰਬਰ ਨੂੰ ਸ਼ਾਮ 7 ਵਜੇ ਹੋਵੇਗੀ।

ਸਿਟੀ, ਪ੍ਰਸਤਾਵਿਤ 2021 ਦੇ ਬਜਟ ਬਾਰੇ ਜਨਤਾ ਦੀ ਸਮੀਖਿਆ ਅਤੇ ਸੁਝਾਵਾਂ ਦਾ ਸੁਆਗਤ ਕਰਦੀ ਹੈ। ਬਜਟ ਕਮੇਟੀ (Budget Committee) ਦੀਆਂ ਮੀਟਿੰਗਾਂ ਲਈ ਮੁੱਖ ਤਾਰੀਖਾਂ ਦੀ ਪੂਰੀ ਸੂਚੀ, ਬਜਟ ਦੀਆਂ ਝਲਕੀਆਂ ਅਤੇ ਪੂਰਾ ਬਜਟ ਪ੍ਰਸਤਾਵ, www.brampton.ca/budget ਤੇ ਪੋਸਟ ਕੀਤੇ ਗਏ ਹਨ।

ਸਿਟੀ ਦੇ ਮੌਜੂਦਾ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ, ਇੰਫਰਾਸਟ੍ਰਕਚਰ ਕਾਇਮ ਰੱਖਣ ਅਤੇ ਭਵਿੱਖੀ ਵਾਧੇ ਵਾਸਤੇ ਤਿਆਰੀ ਲਈ, ਬਜਟ ਕਮੇਟੀ ਨੂੰ ਸਿਟੀ ਦਾ ਪ੍ਰਸਤਾਵ ਹੈ ਕਿ ਉਹ ਪ੍ਰਾਪਰਟੀ ਟੈਕਸ ਵਿੱਚ 0.9% ਦਾ ਵਾਧਾ ਕਰੇ। ਜੇਕਰ ਇਸਨੂੰ ਪ੍ਰਵਾਨ ਕੀਤਾ ਜਾਂਦਾ ਹੈ, ਤਾਂ 2021 ਦੇ ਪ੍ਰਾਪਰਟੀ ਟੈਕਸ ਬਿਲ ਵਿੱਚ, ਸਿਟੀ ਦੀਆਂ ਸੇਵਾਵਾਂ ਲਈ 0.9% ਦਾ, ਰੀਜਨ ਆਫ ਪੀਲ (Region of Peel) ਲਈ 1.4% ਦਾ ਅਤੇ ਸਕੂਲ ਬੋਰਡਾਂ (School Boards) ਲਈ 0% ਦਾ ਪ੍ਰਾਪਰਟੀ ਟੈਕਸ ਵਾਧਾ ਦਿਖਾਈ ਦੇਵੇਗਾ।

ਕੁੱਲ ਪ੍ਰਾਪਰਟੀ ਟੈਕਸ ਵਾਧਾ, ਪ੍ਰਤੀ ਪਰਿਵਾਰ ਔਸਤ 120 ਡਾਲਰ ਹੋਵੇਗਾ।

ਬਜਟ ਚਰਚਾਵਾਂ ਦੇ ਦੌਰਾਨ, ਕਮੇਟੀ ਵਾਧੂ ਬੱਚਤਾਂ ਜਾਂ ਨਿਵੇਸ਼ਾਂ ਲਈ ਸੰਭਾਵਨਾਵਾਂ ਦੀ ਸਮੀਖਿਆ ਕਰ ਸਕਦੀ ਹੈ।

**2021 ਦੇ ਪ੍ਰਸਤਾਵਿਤ ਬਜਟ ਦੀਆਂ ਝਲਕੀਆਂ**

- ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਲਈ ਅੱਠ ਰਿਪਲੇਸਮੈਂਟ ਬੱਸਾਂ ਅਤੇ ਫਲੀਟ ਦੀ ਭਰੋਸੇਯੋਗਤਾ ਅਤੇ ਕਨੈਕਟੀਵਿਟੀ ਕਾਇਮ ਰੱਖਣ ਲਈ 40 ਨਵੇਂ ਟ੍ਰਾਂਜ਼ਿਟ ਸ਼ੈਲਟਰ
- ਸਾਡੇ ਭਾਈਚਾਰੇ ਦੀਆਂ ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਣ ਅਤੇ ਇੱਕ ਸਥਿਰ ਸ਼ਹਿਰ ਦੇ ਤੌਰ ਤੇ ਅੱਗੇ ਵਧਣ ਵਾਸਤੇ, ਬ੍ਰੈਂਪਟਨ ਟ੍ਰਾਂਜ਼ਿਟ ਲਈ ਅੱਠ ਇਲੈਕਟ੍ਰਿਕ ਬੱਸਾਂ ਅਤੇ ਚਾਰ ਓਵਰਹੈੱਡ ਚਾਰਜਰ
- ਸਾਡੇ ਟ੍ਰਾਂਜ਼ਿਟ ਸਿਸਟਮ ਵਿੱਚ ਭਵਿੱਖੀ ਵਾਧੇ ਨੂੰ ਪੂਰਾ ਕਰਨ ਲਈ, ਦੇਖਭਾਲ ਅਤੇ ਸਟੋਰੇਜ ਵਾਲੀ ਤੀਜੀ ਟ੍ਰਾਂਜ਼ਿਟ ਫੈਸਿਲਿਟੀ ਵਾਸਤੇ 175 ਮਿਲੀਅਨ ਡਾਲਰ
- ਸੜਕਾਂ, ਪੁਲਾਂ ਅਤੇ ਪਗਡੰਡੀਆਂ ਸਮੇਤ, ਕੈਪੀਟਲ ਵਰਕਸ (Capital Works) ਪ੍ਰੋਜੈਕਟਾਂ ਲਈ 31 ਮਿਲੀਅਨ ਡਾਲਰ
- ਫਾਇਰ ਕਮਿਉਨਿਟੀ ਸੇਫਟੀ (Fire Community Safety) ਪ੍ਰੋਗਰਾਮ, ਅੱਗ ਬੁਝਾਉਣ ਦੇ ਉਪਕਰਨਾਂ ਦੀ ਸਮੇਂ ਸਿਰ ਰਿਪਲੇਸਮੈਂਟ; ਵੱਧ ਭਰੋਸੇਯੋਗ ਪ੍ਰਤੀਕਿਰਿਆ ਫੋਰਸ ਵਾਸਤੇ ਫਾਇਰ ਸਟੇਸ਼ਨ ਦਾ ਪੁਨਰ ਨਿਰਮਾਣ

- ਇੱਕ ਨਵੀਂ ਪਹੁੰਚਯੋਗ ਬੇਸਬਾੱਲ ਡਾਇਮੰਡ ਦੇ ਨਾਲ ਕਿਰਿਆਸ਼ੀਲ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ, ਕ੍ਰਿਕੇਟ ਫੀਲਡ ਦੇ ਵਿਸਤਾਰ, ਪੂਰਾ ਸਾਲ ਟ੍ਰੇਨਿੰਗ ਸਬੰਧੀ ਪਹੁੰਚ ਲਈ ਬ੍ਰੈਂਪਟਨ ਸੌਕਰ ਸੈਂਟਰ (Brampton Soccer Centre) ਵਿਖੇ ਇੱਕ ਨਵਾਂ ਸਪੋਰਟਸ ਗੁੰਬਦ (ਡੋਮ) ਅਤੇ ਰੇਕ੍ਰੀਏਸ਼ਨ ਸਬੰਧੀ ਪੰਜ ਸੈਂਟਰਾਂ ਨੂੰ ਮੁੜ ਸ਼ਕਤੀਸ਼ਾਲੀ ਬਣਾਉਣਾ
- ਰਿਵਰਵਾਕ (Riverwalk) ਪ੍ਰੋਜੈਕਟ ਨੂੰ ਅੱਗੇ ਵਧਾਉਣਾ, ਜੋ ਸ਼ਹਿਰੀ ਵਾਧੇ, ਪਬਲਿਕ ਟ੍ਰਾਂਜ਼ਿਟ ਅਤੇ ਆਰਥਿਕ ਵਿਕਾਸ ਵਾਸਤੇ ਮੁੱਖ ਸਰੋਤ ਹੈ
- ਬੀ-ਹਾਈਵ (B-Hive) ਵਾਸਤੇ 2.1 ਮਿਲੀਅਨ ਡਾਲਰ, ਇਹ ਇੱਕ ਇਨਕਿਉਬੇਟਰ ਪਹਿਲਕਦਮੀ ਹੈ, ਜਿੱਥੇ ਅੰਤਰਰਾਸ਼ਟਰੀ ਉੱਦਮੀ ਜੁੜ, ਸਹਿਯੋਗ ਕਰ ਸਕਦੇ ਹਨ ਅਤੇ ਕੈਨੇਡਾ (Canada) ਵਿੱਚ ਆਪਣਾ ਨਵਾਂ ਕਾਰੋਬਾਰ ਸ਼ੁਰੂ ਕਰਨ ਸਬੰਧੀ ਅਨੁਭਵ ਸਾਂਝੇ ਕਰ ਸਕਦੇ ਹਨ
- ਡਾਉਨਟਾਉਨ ਬ੍ਰੈਂਪਟਨ ਵਿੱਚ ਅਲਗੋਮਾ ਯੂਨੀਵਰਸਿਟੀ (Algoma University) ਦੇ ਖੇਤਰ ਅਤੇ ਕੋਰਸ ਪੇਸ਼ਕਸ਼ਾਂ ਦਾ ਵਿਸਤਾਰ ਕਰਨ ਲਈ 2.4 ਮਿਲੀਅਨ ਡਾਲਰ
- ਸਸਟੇਨੇਬਲ ਕਾਰਪੋਰੇਟ ਫਲੀਟ ਸਟ੍ਰੈਟਜੀ (Sustainable Corporate Fleet Strategy) ਅਤੇ ਅਫੋਰਡੇਬਲ ਹਾਉਸਿੰਗ ਸਟ੍ਰੈਟਜੀ (Affordable Housing Strategy) ਵਿਕਸਿਤ ਕਰਨਾ
- ਆਟੋਮੇਟਿਡ ਸਪੀਡ ਲਾਗੂਕਰਣ ਸਮੇਤ, ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਅਤੇ ਸੜਕ ਸਬੰਧੀ ਸੁਰੱਖਿਆ ਲਈ ਤਕਨੀਕਾਂ ਵਿੱਚ ਸੁਧਾਰ ਕਰਨਾ
- ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre), ਰੋਜਰਸ ਸਾਈਬਰਸਿਕਿਓਰ ਕੈਟਾਲਿਸਟ (Rogers Cybersecure Catalyst), ਰਾਇਰਸਨ ਵੈਂਚਰ ਜ਼ੋਨ (Ryerson Venture Zone), ਰਿਸਰਚ ਇਨੋਵੇਸ਼ਨ (Research Innovation) ਅਤੇ ਕਮਰਸ਼ਿਅਲਾਈਜ਼ੇਸ਼ਨ ਸੈਂਟਰ (Commercialization Centre) ਵਿਖੇ ਪ੍ਰੋਗਰਾਮਿੰਗ ਦੁਆਰਾ, ਡਾਉਨਟਾਉਨ ਬ੍ਰੈਂਪਟਨ ਵਿੱਚ ਇਨਵੇਸ਼ਨ ਡਿਸਟ੍ਰਿਕਟ (Innovation District) ਨੂੰ ਮਜ਼ਬੂਤ ਬਣਾਉਣਾ
- ਵਨ ਮਿਲੀਅਨ ਟ੍ਰੀਜ (One Million Trees) ਪ੍ਰੋਗਰਾਮ ਦੇ ਹਿੱਸੇ ਵਜੋਂ 50,000 ਰੁੱਖ ਲਗਾਉਣਾ

**ਆਪਣੀ ਰਾਏ ਦਿਓ**

ਹੇਠਾਂ ਦਿੱਤਾ ਗਿਆ ਹੈ ਕਿ ਨਿਵਾਸੀ, ਕਾਰੋਬਾਰੀ ਅਤੇ ਸਟੇਕਹੋਲਡਰ, ਕਿਸ ਤਰ੍ਹਾਂ ਪ੍ਰਸਤਾਵਿਤ ਬਜਟ ਦੀ ਸਮੀਖਿਆ ਕਰ ਸਕਦੇ ਹਨ ਅਤੇ ਆਪਣਾ ਫੀਡਬੈਕ ਦੇ ਸਕਦੇ ਹਨ।

- **ਈਮੇਲ ਭੇਜੋ**: budget@brampton.ca ਤੇ ਸਵਾਲ ਪੁੱਛੋ ਜਾਂ ਟਿੱਪਣੀ ਦਿਓ।
- **ਫੋਨ ਕਰੋ**: ਆਪਣਾ ਸੁਝਾਅ ਦੇਣ ਲਈ 311 ਤੇ ਫੋਨ ਕਰੋ।
- **ਟੈਲੀਫੋਨ ਟਾਊਨ ਹਾਲ ਨਾਲ ਜੁੜੋ**: 12 ਨਵੰਬਰ ਨੂੰ ਸ਼ਾਮ 6:30 ਤੋਂ ਰਾਤ 8 ਵਜੇ ਤੱਕ ਟੈਲੀਫੋਨ ਟਾਊਨ ਹਾਲ (Telephone Town Hall) ਵਿੱਚ ਹਿੱਸਾ ਲਓ, ਜਿੱਥੇ ਫੋਨ ਨੰਬਰਾਂ ਦੀ ਬੇਤਰਤੀਬ ਚੋਣ ਕਰਕੇ ਕਾਲਾਂ ਕੀਤੀਆਂ ਜਾਣਗੀਆਂ। ਕਾਲ ਸੂਚੀ ਵਿੱਚ ਆਪਣਾ ਫੋਨ ਨੰਬਰ ਸ਼ਾਮਲ ਕਰਨ ਲਈ, 9 ਨਵੰਬਰ ਤੱਕ ਸਿਟੀ ਦੀ ਵੈਬਸਾਈਟ ਤੇ ਸਾਈਨ ਅੱਪ ਕਰੋ (sign up on the City website)।
- **ਔਨਲਾਈਨ ਨੁਮਾਇੰਦਗੀ ਕਰੋ**: ਬਜਟ ਕਮੇਟੀ ਜਾਂ ਬਜਟ ਪ੍ਰਵਾਨਗੀ ਕਾਉਂਸਿਲ ਮੀਟਿੰਗ ਵਿੱਚ ਬੋਲਣ ਲਈ ਪ੍ਰਤੀਨਿਧੀ ਮੰਡਲ ਬੇਨਤੀ (delegation request) ਦਾਖਲ ਕਰੋ।
- **ਬਜਟ ਕਮੇਟੀ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਵੋ**: ਬੇਨਤੀ ਕਰਨ ਲਈ ਸਿਟੀ ਦੀ ਵੈਬਸਾਈਟ ਤੇ ਔਨਲਾਈਨ ਫਾਰਮ (online form) ਪੂਰਾ ਕਰੋ।

**ਹਵਾਲੇ**

"ਮਹਾਂਮਾਰੀ ਦੇ ਦੌਰਾਨ, 2021 ਦੇ ਪ੍ਰਸਤਾਵਿਤ ਬਜਟ ਦੇ ਆਉਣ ਨਾਲ, ਸਾਨੂੰ ਮੌਜੂਦ ਸਾਧਨਾਂ ਨੂੰ ਨਵਾਂ ਰੂਪ ਦੇਣ ਅਤੇ ਸੰਚਾਲਨ ਸਬੰਧੀ ਕੁਸ਼ਲਤਾ ਦੁਆਰਾ, ਸਾਡੇ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦੇਣ ਅਤੇ ਆਰਥਿਕ ਬਹਾਲੀ ਲਈ ਨਵੇਂ ਦ੍ਰਿਸ਼ਟੀਕੋਣ ਮਿਲੇ ਹਨ। ਮਹਾਂਮਾਰੀ ਦੇ ਦੌਰਾਨ, ਸਾਡੇ ਲਈ ਮਹੱਤਵਪੂਰਣ ਭਾਈਚਾਰਕ ਮਦਦ ਅਤੇ ਟਰਮ ਆਫ ਕਾਉਂਸਿਲ ਪ੍ਰਾਇਰਟੀਜ, ਦੋਵਾਂ ਤੇ ਧਿਆਨ ਕੇਂਦਰਿਤ ਕਰਨਾ ਲਾਜ਼ਮੀ ਹੈ, ਤਾਂ ਜੋ ਸਾਡੇ ਭਾਈਚਾਰੇ ਵਿੱਚ

ਸਫਲਤਾ ਨੂੰ ਜਾਰੀ ਰੱਖਿਆ ਜਾ ਸਕੇ। ਸਿਟੀ, ਇਸ ਮਹੱਤਵਪੂਰਣ ਸਿਟੀ-ਨਿਰਮਾਣ ਵਾਲੀ ਪ੍ਰਕਿਰਿਆ ਵਿੱਚ, ਸਪਸ਼ਟ ਅਤੇ ਪਾਰਦਰਸ਼ੀ ਬਜਟ ਚਰਚਾਵਾਂ ਕਰਨ ਲਈ ਵਚਨਬੱਧ ਹੈ ਅਤੇ ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੁਝਾਅ ਦੇਣ ਦੀ ਸਲਾਹ ਦਿੰਦੀ ਹੈ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਦੇ ਵਾਧੇ ਨੂੰ ਸਭ ਤੋਂ ਉੱਪਰ ਰੱਖਦੇ ਹੋਏ, ਅਸੀਂ ਲਗਾਤਾਰ ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੀਆਂ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰ ਰਹੇ ਹਾਂ ਅਤੇ ਉਹਨਾਂ ਵਿੱਚ ਸੁਧਾਰ ਕਰ ਰਹੇ ਹਾਂ। 2021 ਦਾ ਪ੍ਰਸਤਾਵਿਤ ਬਜਟ, ਸਾਡੇ ਮੂਲ ਬਜਟ ਵਿੱਚ ਕੁੱਲ ਕਟੌਤੀ ਪੇਸ਼ ਕਰਦਾ ਹੈ, ਜਦਕਿ ਅਸੀਂ, ਇੰਫਰਾਸਟ੍ਰਕਚਰ ਅਤੇ ਟ੍ਰਾਂਜ਼ਿਟ ਦੀ ਫੀਸ ਰਾਹੀਂ, ਬ੍ਰੈਂਪਟਨ ਦੇ ਭਵਿੱਖ ਵਿੱਚ ਨਿਵੇਸ਼ ਕਰਨਾ ਜਾਰੀ ਰੱਖ ਰਹੇ ਹਾਂ। ਇਹ ਯਕੀਨੀ ਬਣਾਉਣ ਲਈ ਕਿ ਬ੍ਰੈਂਪਟਨ ਇੱਕ ਚੰਗੀ ਤਰ੍ਹਾਂ ਸੰਚਾਲਿਤ ਸ਼ਹਿਰ ਹੈ, ਅਸੀਂ ਲਗਾਤਾਰ ਸਾਡੀ ਸਿਟੀ ਦੀਆਂ ਸੇਵਾ ਡਿਲੀਵਰੀ ਪੱਧਤੀਆਂ ਦਾ ਮੁਲਾਂਕਣ ਕਰ ਰਹੇ ਹਾਂ।"

– *ਮਾਰਕ ਮੇਡੇਇਰੋਸ (Mark Medeiros), ਐਕਟਿੰਗ ਟ੍ਰੈਜ਼ਰਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca